ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ
ਫੋਨ ਨੰ: 0172-5083034, ਫੈਕਸ ਨੰ: 2624687 ਈਮੇਲ : **grievance.edu.pb@gmail.com**

ਵੱਲ

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪੰਜਾਬ (ਵੈਬ ਸਾਈਟ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) ਪੰਜਾਬ
ਸਮੂਹ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜਾਬ
ਸਮੂਹ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ/ਮਿਡਲ ਸਕੂਲ/ਪ੍ਰਾਇਮਰੀ ਸਕੂਲ

ਮੀਮੋ ਨੰ: ਸਸਅ/2012/ਸ਼ਿਕਾਇਤ ਨਿਵਾਰਣ ਸੈਲ/ 001486
ਮਿਤੀ,ਚੰਡੀਗੜ੍ਹ: 25-1-13

ਵਿਸ਼ਾ: ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਸਬੰਧੀ ਸ਼ਿਕਾਇਤ ਨਿਵਰਾਣ ਸੈਲ ਦੀ ਸਥਾਪਨਾ ਕਰਨ ਬਾਰੇ।
ਹਵਾਲਾ: ਇਸ ਦਫ਼ਤਰ ਦਾ ਪੱਤਰ ਨੰ: ਸਸਅ/2012/ਸ਼ਿਕਾਇਤ ਨਿਵਾਰਨ ਸੈਲ/89948 ਮਿਤੀ 05.12.2012

1.0 ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਦਫ਼ਤਰ ਵੱਲੋਂ ਸ਼ਿਕਾਇਤ ਨਿਵਾਰਨ ਸੈਲ ਦੀ ਸਥਾਪਨਾ ਕੀਤੀ ਗਈ ਸੀ। ਜਿਸ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਕਰਦੇ ਹੋਏ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰ ਰਹੇ ਅਧਿਆਪਕ/ਕਰਮਚਾਰੀ ਵਿਭਾਗ ਦੀ ਵੈਬ ਸਾਈਟ www.ssapunjab.org ਤੇ ਦਿੱਤੇ Link Grievance Removal Cell ਤੇ ਜਾਣਕਾਰੀ ਦੇ ਸਕਦੇ ਹਨ। ਇਸ ਲਿੰਕ ਤੇ ਦਿੱਤੀ ਜਾਣਕਾਰੀ ਨੂੰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੇ ਦਫਤਰ ਵਿੱਚ ਬਣੇ ਸੈਲ ਵੱਲੋਂ ਛਾਣਬੀਣ ਕਰਨ ਉਪਰੰਤ ਸਬੰਧਿਤ ਦਫ਼ਤਰ ਨੂੰ ਭੇਜ ਕੇ ਹੱਲ ਕਰਵਾਇਆ ਜਾਂਦਾ ਹੈ। ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਾ ਰਹੇ ਅਧਿਆਪਕਾਂ ਦੀਆਂ ਸ਼ਿਕਾਇਤਾਂ/ਤਕਲੀਫਾਂ ਈ. ਮੇਲ ਆਈ.ਡੀ grievance.edu.pb@gmail.com ਜਾਂ ਫੋਨ ਨੰ: 0172-5083034 ਤੇ ਸੁਣੀਆਂ ਜਾਂਦੀਆਂ ਸੀ।

2.0 ਪ੍ਰਾਇਮਰੀ ਸਕੂਲਾਂ ਵਿੱਚ ਕੰਮ ਕਰ ਰਹੇ ਅਧਿਆਪਕ ਵੀ ਹੁਣ ਦਫ਼ਤਰ ਦੀ ਵੈੱਬਸਾਈਟ www.ssapunjab.org ਤੇ ਦਿੱਤੇ Link Grievance Removal Cell ਤੇ ਜਾ ਕੇ ਆਪਣੀ ਸਰਵਿਸ ਸਬੰਧੀ ਸ਼ਿਕਾਇਤ/ਤਕਲੀਫ ਦਰਜ ਕਰਵਾ ਸਕਦੇ ਹਨ ਅਤੇ ਇਸ ਦਫ਼ਤਰ ਵਿਖੇ ਇਨ੍ਹਾਂ ਸ਼ਿਕਾਇਤਾਂ/ਤਕਲੀਫਾਂ ਨੂੰ ਹੱਲ ਕਰਨ ਦੇ ਉਪਰਾਲੇ ਕੀਤੇ ਜਾਣਗੇ।

ਕਾਹਨ ਸਿੰਘ ਪੰਨੂੰ,ਆਈ.ਏ.ਐਸ
ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ